ਜੈ ਭੀਮ !

ਜੈ ਭਾਰਤ !

T-26



# ਯੁਗ ਪਲਟਾਊ ਰਹਿਨੁਮਾ ਡਾ. ਅੰਬੇਡਕਰ



ਸ੍ਰੀ ਪਿਆਰੇ ਲਾਲ



ਬਲਦੇਵ ਪ੍ਰਕਾਸ਼ ਅੰਬੇਡਕਰੀ



ਅਮਰਜੀਤ ਖਰਲ



ਸੁਖਵਿੰਦਰਪਾਲ ਚੁਖਿਆਰਾ

ਪ੍ਰਕਾਸ਼ਕ : ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)

ਮੋ. 98148-39944

(ਰਜਿ. ਨੰ. 179-2006-07)

ਮੁੱਖ ਦਫ਼ਤਰ - ਪਿੰਡ ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ

ਟ੍ਰੈਕਟ ਨੰ. 26/ ਪਹਿਲੀ ਵਾਰ 4000/ ਅਪ੍ਰੈਲ 2014 / ਕੀਮਤ : ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ

# ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਅਤੇ ਬਚਪਨ

ਭੀਮ ਰਾਓ ਦਾ ਜਨਮ 14 ਅਪ੍ਰੈਲ 1891 ਨੂੰ ਮਹਾਂਰਾਸ਼ਟਰ, ਜ਼ਿਲ੍ਹਾ ਰਤਨਾਗਿਰੀ ਦੇ ਪਿੰਡ ਮਹੂ ਵਿਖੇ ਇਕ ਗਰੀਬ ਪਰਿਵਾਰ ਵਿਚ ਹੋਇਆ। ਉਹ ਆਪਣੇ ਮਾਤਾ-ਪਿਤਾ ਦੀ 14ਵੀਂ ਸੰਤਾਨ ਸੀ। ਪਿਤਾ ਦਾ ਨਾਂਅ ਰਾਮਜੀ ਸਕਪਾਲ ਅਤੇ ਮਾਤਾ ਦਾ ਨਾਂਅ ਭੀਮਾ ਬਾਈ ਸੀ। ਭੀਮ ਦੇ ਪਿਤਾ ਜੀ ਅੰਗਰੇਜ਼ੀ ਫੌਜ ਵਿਚ ਅਧਿਆਪਕ ਸਨ। ਉਹ ਕਬੀਰਪੰਥੀ ਸਨ। ਫੌਜੀ ਸੇਵਾ ਵਿਚੋਂ ਰਿਟਾਇਰ ਹੋਣ ਉਪਰੰਤ ਉਹ ਦਾਪੋਲੀ (ਕੋਂਕਣ ਖੇਤਰ) ਆ ਵਸੇ। ਜਦੋਂ ਭੀਮ 5 ਸਾਲ ਦਾ ਹੋਇਆ ਤਾਂ ਉਸ ਨੂੰ ਸਕੂਲ ਭੇਜਿਆ ਜਾਣ ਲੱਗਾ। ਛੇਤੀ ਹੀ ਸੂਬੇਦਾਰ ਰਾਮ ਜੀ ਬੰਬਈ ਆ ਗਏ ਅਤੇ ਸਿਤਾਰਾ ਵਿਖੇ ਨੌਕਰੀ ਕਰ ਲਈ। ਭੀਮ ਅਜੇ 6 ਵਰ੍ਹਿਆਂ ਦਾ ਸੀ ਕਿ ਉਸ ਦੀ ਮਾਂ ਦਾ ਦੇਹਾਂਤ ਹੋ ਗਿਆ। 14 ਵਿਚੋਂ ਤਿੰਨ ਪੁੱਤਰ ਅਤੇ ਦੋ ਧੀਆਂ ਹੀ ਜੀਵਤ ਸਨ। ਭੈਣਾਂ ਵਿਆਹੀਆਂ ਹੋਣ ਕਾਰਨ ਘਰ ਵਿਚ ਭੀਮ ਦੀ ਦੇਖਭਾਲ ਕਰਨ ਵਾਲਾ ਕੋਈ ਨਹੀਂ ਸੀ। ਸਿਤਾਰਾ ਰਹਿੰਦਿਆਂ ਭੀਮ ਦਾ ਪਾਲਣ-ਪੋਸ਼ਣ ਉਸ ਦੀ ਭੂਆ ਮੀਰਾਂਬਾਈ ਨੇ ਕੀਤਾ। ਛੂਆਛਾਤ ਦੀ ਨਫ਼ਰਤ ਕਾਰਨ ਅਧਿਆਪਕ ਉਸ ਦੀਆਂ ਕਾਪੀਆਂ ਨੂੰ ਹੱਥ ਤੱਕ ਨਹੀਂ ਲਾਉਂਦੇ ਸਨ। ਸਕੂਲ ਵਿਚ ਉਸ ਨੂੰ ਪਾਣੀ ਤੋਂ ਪਿਆਸਾ ਰਹਿਣਾ ਪੈਂਦਾ। ਗਰੀਬੀ ਕਾਰਨ ਮਾੜੇ-ਮੋਟੇ ਕੱਪੜਿਆਂ ਵਿਚ ਹੀ ਸਕੂਲ ਜਾਂਦਾ। ਘਰ ਗ੍ਰਹਿਸਤੀ ਨੂੰ ਠੀਕ ਚੱਲਦਾ ਰੱਖਣ ਲਈ ਭੀਮ ਦੇ ਪਿਤਾ ਨੇ ਦੂਜੀ ਸ਼ਾਦੀ ਕਰ ਲਈ। ਸਕੂਲ ਵਿਚ ਭੀਮ ਨੂੰ ਬਲੈਕਬੋਰਡ ਕੋਲ ਨਹੀਂ ਸੀ ਜਾਣ ਦਿੱਤਾ ਜਾਂਦਾ ਕਿਉਂਕਿ ਬਲੈਕਬੋਰਡ ਦੇ ਪਿੱਛੇ ਅਖੌਤੀ ਉੱਚ ਜਾਤੀ ਬੱਚਿਆਂ ਦੇ ਰੱਖੇ ਹੋਏ ਰੋਟੀ ਦੇ ਡੱਬੇ ਭਿੱਟੇ ਜਾਣ ਦਾ ਖ਼ਤਰਾ ਬਣਿਆ ਰਹਿੰਦਾ ਸੀ। ਇਕ ਵਾਰ ਉਹ ਆਪਣੇ ਵੱਡੇ ਭਰਾ ਨਾਲ ਕੈਂਪ ਸਕੂਲ ਸਿਤਾਰਾ ਤੋਂ ਆਪਣੇ ਪਿਤਾ ਨੂੰ ਮਿਲਣ ਲਈ ਗੋਰੇਗਾਓਂ ਆਇਆ ਪਰ ਕੋਈ ਵੀ ਗਾਡੀਵਾਨ ਉਨ੍ਹਾਂ ਨੂੰ ਸਟੇਸ਼ਨ ਤੋਂ ਲਿਜਾਣ ਲਈ ਤਿਆਰ ਨਹੀਂ ਸੀ। ਬੜੀ ਕੋਸ਼ਿਸ਼ ਪਿੱਛੋਂ ਇਕ ਮੰਨ ਤਾਂ ਗਿਆ ਪਰ ਦੋ ਸ਼ਰਤਾਂ 'ਤੇ, ਇਕ ਤਾਂ ਇਹ ਕਿ ਗੱਡੀ ਨੂੰ ਇਹ ਬੱਚੇ ਹੀ ਹੱਕਣਗੇ ਅਤੇ ਉਹ ਪਿੱਛੇ-ਪਿੱਛੇ ਚੱਲੇਗਾ। ਦੂਜਾ, ਕਿਰਾਇਆ ਦੁੱਗਣਾ ਦੇਣਾ ਪਵੇਗਾ।

ਭੀਮ ਨੇ ਆਪਣੀ ਪ੍ਰਾਇਮਰੀ ਸਕੂਲ ਦੀ ਪੜ੍ਹਾਈ ਸਿਤਾਰਾ ਵਿਖੇ ਮੁਕੰਮਲ ਕੀਤੀ ਅਤੇ ਹਾਈ ਸਕੂਲ ਵਿਚ ਦਾਖਲ ਹੋ ਗਿਆ। ਕਈ ਵਾਰ ਪਾਣੀ ਪੀਣ ਦਾ ਯਤਨ ਕਰਦਿਆਂ ਉਸ ਨੂੰ ਮਾਰ ਖਾਣੀ ਪਈ। ਨਾਈ ਨੇ ਉਸ ਦੇ ਵਾਲ ਕੱਟਣ ਤੋਂ ਨਾਂਹ ਕਰ ਦਿੱਤੀ। ਸੂਬੇਦਾਰ ਰਾਮਜੀ ਬੰਬਈ ਆ ਵਸੇ। ਸਾਰਾ ਪਰਿਵਾਰ ਲੋਅਰ ਪਾਰੇਲ ਦੀ ਦਬਕ ਚਾਲ (ਮਜ਼ਦੂਰ ਬਸਤੀ) ਦੇ ਇਕ ਕਮਰੇ ਵਿਚ ਗੁਜ਼ਾਰਾ ਕਰਦਾ ਸੀ। ਹੁਣ ਭੀਮ ਨੂੰ ਐਲਫਿੰਸਟਨ ਹਾਈ ਸਕੂਲ ਭੇਜਿਆ ਜਾਣ ਲੱਗਾ। ਉਹ ਸੰਸਕ੍ਰਿਤ ਦਾ ਵਿਸ਼ਾ ਪੜ੍ਹਨਾ ਚਾਹੁੰਦਾ ਸੀ ਪਰ ਅਛੂਤ ਹੋਣ ਕਰਕੇ ਉਸਨੂੰ ਸੰਸਕ੍ਰਿਤ ਦੀ ਥਾਂ ਫ਼ਾਰਸੀ ਪੜ੍ਹਨੀ ਪਈ। ਬਾਅਦ ਵਿਚ ਭੀਮ ਆਪਣੀ ਮਿਹਨਤ ਨਾਲ ਸੰਸਕ੍ਰਿਤ ਦੇ ਮਹਾਂ ਵਿਦਵਾਨ ਬਣੇ। 1907 ਵਿਚ ਉਸ ਨੇ ਦਸਵੀਂ ਦਾ ਇਮਤਿਹਾਨ ਪਾਸ ਕਰ ਲਿਆ।

ਬਚਪਨ ਦੀਆਂ ਸ਼ਾਦੀਆਂ ਦਾ ਰਿਵਾਜ਼ ਸੀ। ਦਸਵੀਂ ਪਾਸ ਕਰਨ ਤੋਂ ਬਾਅਦ ਛੇਤੀ ਹੀ ਭੀਮ ਦੀ ਸ਼ਾਦੀ ਭਿੱਕੂ ਵਾਲੰਗਕਰ ਦੀ ਪੁੱਤਰੀ ਰਾਮਾਬਾਈ ਨਾਲ ਕਰ ਦਿੱਤੀ ਗਈ। ਸੂਬੇਦਾਰ ਰਾਮਜੀ ਦੀ ਆਰਥਿਕ ਹਾਲਤ ਭਾਵੇਂ ਚੰਗੀ ਨਹੀਂ ਸੀ ਪਰ ਆਪਣੇ ਪੁੱਤਰ ਨੂੰ ਉਹ ਵੱਧ ਤੋਂ ਵੱਧ ਪੜ੍ਹਾਉਣਾ ਚਾਹੁੰਦੇ ਸਨ। ਸੋ 1908 ਵਿਚ ਭੀਮ ਨੂੰ ਐਲਫਿੰਸਟਨ ਕਾਲਜ ਵਿਚ ਦਾਖਲ ਕਰਵਾ ਦਿੱਤਾ। ਕਾਲਜ ਦੀ ਕੰਟੀਨ ਤੋਂ ਉਹ ਇਕ ਕੱਪ ਚਾਹ ਦਾ ਵੀ ਨਹੀਂ ਪੀ ਸਕਦਾ ਸੀ ਕਿਉਂਕਿ ਕੰਟੀਨ ਦਾ ਮਾਲਕ ਇਕ

ਬ੍ਰਾਹਮਣ ਸੀ। ਭੀਮ ਨੇ ਇੰਟਰਮੀਡੀਏਟ ਦੀ ਪ੍ਰੀਖਿਆ ਪਾਸ ਕਰ ਲਈ। ਉਨ੍ਹਾਂ ਦਿਨਾਂ ਵਿਚ ਹੀ ਬੜੌਦਾ ਦੇ ਮਹਾਰਾਜਾ ਸਿਆਜੀਰਾਓ ਗਾਇਕਵਾੜ ਨੇ ਹੋਣਹਾਰ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਦੇਣ ਲਈ ਆਰਥਿਕ ਮੱਦਦ ਦਾ ਫੈਸਲਾ ਕਰ ਲਿਆ ਸੀ। ਕ੍ਰਿਸ਼ਨਾਜੀ ਅਰਜੁਨ ਕੈਲੂਸਕਰ ਜੋ ਅਧਿਆਪਕ ਅਤੇ ਸਮਾਜ ਸੁਧਾਰਕ ਸਨ, ਭੀਮ ਨੂੰ ਮਹਾਰਾਜਾ ਬੜੌਦਾ ਪਾਸ ਲੈ ਗਏ। ਮਹਾਰਾਜਾ ਨੇ ਉਸ ਦੀ ਅੱਗੋਂ ਪੜ੍ਹਾਈ ਲਈ 25 ਰੁਪਏ ਮਹੀਨਾ ਮਨਜ਼ੂਰ ਕਰ ਦਿੱਤਾ। ਕਿਲੂਸਕਰ ਨੇ ਆਪਣੀ ਨਵੀਂ ਕਿਤਾਬ, ਗੌਤਮ ਬੁੱਧ ਦਾ ਜੀਵਨ ਦੀ ਇਕ ਕਾਪੀ ਵੀ ਭੀਮ ਨੂੰ ਦਿੱਤੀ। ਭੀਮ ਨੇ 1912 ਵਿਚ ਅੰਗਰੇਜ਼ੀ ਅਤੇ ਫ਼ਾਰਸੀ ਮੁੱਖ ਵਿਸ਼ਿਆਂ ਨਾਲ ਗਰੈਜੂਏਸ਼ਨ ਕਰ ਲਈ। ਉਨ੍ਹਾਂ ਦਿਨਾਂ ਵਿਚ ਇਕ ਅਛੂਤ ਲੜਕੇ ਲਈ ਇਹ ਇਕ ਬਹੁਤ ਵੱਡੀ ਪ੍ਰਾਪਤੀ ਸੀ। ਬੀ.ਏ. ਪਾਸ ਕਰਨ ਤੋਂ ਬਾਅਦ ਭੀਮ ਨੇ ਬੜੌਦਾ ਵਿਖੇ ਨੌਕਰੀ ਸ਼ੁਰੂ ਕੀਤੀ। ਉਨ੍ਹਾਂ ਨੂੰ ਲੈਫਟੀਨੈਂਟ ਨਿਯੁਕਤ ਕੀਤਾ ਗਿਆ। ਸੂਬੇਦਾਰ ਰਾਮਜੀ ਸਰਕਾਰੀ (ਫੌਜੀ) ਨੌਕਰੀ ਤੋਂ ਰਿਟਾਇਰ ਹੋ ਚੁੱਕੇ ਸਨ। ਸਿਹਤ ਸਾਥ ਨਹੀਂ ਦੇ ਰਹੀ ਸੀ। ਭੀਮ ਨੂੰ ਬੜੌਦਾ ਗਿਆ ਅਜੇ 15 ਦਿਨ ਹੀ ਹੋਏ ਸਨ ਕਿ 2 ਫਰਵਰੀ 1913 ਨੂੰ ਸੂਬੇਦਾਰ ਜੀ ਦਾ ਦੇਹਾਂਤ ਹੋ ਗਿਆ। ਭੀਮ ਨੂੰ ਗਹਿਰਾ ਸਦਮਾ ਲੱਗਾ। ਉਸ ਦੀਆਂ ਜ਼ਿੰਮੇਵਾਰੀਆਂ ਅਤੇ ਚਿੰਤਾਵਾਂ ਵਧ ਗਈਆਂ।

**ਸੋਹਣ ਸਹਿਜਲ ਦੀ ਪੁਸਤਕ 'ਨਿਰਬਲਾਂ ਦੇ ਸ਼ਕਤੀਦਾਤਾ' ਡਾ. ਅੰਬੇਡਕਰ**

# ਯੁਗ ਪਲਟਾਊ ਰਹਿਨੁਮਾ : ਡਾ. ਬੀ.ਆਰ. ਅੰਬੇਡਕਰ



ਭਾਰਤ ਵਿਚ ਹਜ਼ਾਰਾਂ ਸਾਲਾਂ ਉਪਰੰਤ ਸਮਾਜਿਕ ਤੇ ਰਾਜਨੀਤਕ ਕ੍ਰਾਂਤੀ ਲਿਆਉਣ ਵਾਲੇ ਬਾਬਾ ਸਾਹਿਬ ਡਾ. ਅੰਬੇਡਕਰ ਇਕ ਅਜਿਹੇ ਯੁਗ ਪਲਟਾਊ ਰਹਿਬਰ ਸਨ ਜੋ 14 ਅਪ੍ਰੈਲ 1891 ਈ. ਨੂੰ ਭਾਰਤ ਦੇ ਆਕਾਸ਼ ਵਿਚ ਸੂਰਜ ਵਾਂਗ ਪ੍ਰਕਾਸ਼ਮਾਨ ਹੋਏ ਅਤੇ ਜਿਨ੍ਹਾਂ ਨੇ ਸਦੀਆਂ ਤੋਂ ਹਾਸ਼ੀਏ 'ਤੇ ਸੁੱਟੇ ਗਏ ਸਮਾਜ ਨੂੰ ਇਤਿਹਾਸ ਦੇ ਪੰਨਿਆਂ ਦੀਆਂ ਉਪਰਲੀਆਂ, ਮੁੱਢਲੀਆਂ ਅਤੇ ਪ੍ਰਮੁੱਖ ਸਤਰਾਂ ਵਿਚ ਸ਼ੁਮਾਰ ਕਰਨ ਦਾ ਕ੍ਰਾਂਤੀਕਾਰੀ ਕਾਰਜ ਕੀਤਾ। ਬਾਬਾ ਸਾਹਿਬ ਦੇ ਜੀਵਨ ਸੰਘਰਸ਼ ਦੇ ਸਿੱਟੇ ਵਜੋਂ ਹੀ ਭਾਰਤ ਦੇ ਕਰੋੜਾਂ ਦਲਿਤਾਂ ਨੂੰ ਭਾਰਤੀ ਸੰਵਿਧਾਨ ਵਿਚ ਬਰਾਬਰੀ, ਸਾਮਾਨ ਤੇ ਵੋਟ ਦਾ ਅਧਿਕਾਰ ਮਿਲਿਆ, ਛੂਤਛਾਤ ਤੇ ਵਗਾਰ ਦਾ ਖਾਤਮਾ ਹੋਇਆ, ਵਿੱਦਿਆ ਪ੍ਰਾਪਤੀ ਤੇ ਸਰਕਾਰੀ ਸਰਵਿਸ ਦੇ ਮੌਕੇ ਮਿਲੇ ਅਤੇ ਰਾਜਨੀਤੀ ਵਿਚ ਪੰਚਾਇਤ ਮੈਂਬਰ ਤੋਂ ਲੈ ਕੇ ਰਾਸ਼ਟਰਪਤੀ ਬਣਨ ਤੱਕ ਦੇ ਅਵਸਰ ਪ੍ਰਾਪਤ ਹੋਏ।

ਡਾ. ਅੰਬੇਡਕਰ ਜੀ ਦੀ ਅਣਥੱਕ ਜਦੋਜਹਿਦ ਅਤੇ ਯਤਨਾਂ ਸਦਕਾ ਜਿਹੜੇ ਦਲਿਤ ਚੌਂਕੀਦਾਰਾ ਕਰਦੇ, ਮਰੇ ਹੋਏ ਡੰਗਰਾਂ ਦੀਆਂ ਖੱਲਾਂ ਲਾਹੁੰਦੇ, ਸਵਰਨ ਜਾਤੀਆਂ ਦਾ ਮੈਲਾ ਸਿਰ 'ਤੇ ਢੋਂਹਦੇ ਸਨ, ਬਾਬਾ ਸਾਹਿਬ ਦੀ ਸਖ਼ਤ ਮਿਹਨਤ ਦੇ ਫਲਸਰੂਪ ਅੱਜ ਉਨ੍ਹਾਂ ਦੇ ਬੱਚੇ ਹਾਈਕੋਰਟਾਂ ਦੇ ਜੱਜ ਤੇ ਵਕੀਲ ਬਣੇ, ਪ੍ਰਸ਼ਾਸਨਿਕ ਅਧਿਕਾਰੀ ਬਣ ਕੇ ਰਾਜਾਂ ਦੇ ਮੁੱਖ ਸਕੱਤਰ, ਡੀ.ਜੀ.ਪੀ., ਕਮਿਸ਼ਨਰ, ਹਾਈ ਕਮਿਸ਼ਨਰ, ਅੰਬੈਸਡਰ, ਮੰਤਰੀ, ਮੁੱਖ ਮੰਤਰੀ ਤੇ ਗਵਰਨਰ ਬਣੇ। ਭਾਰਤੀ ਦਲਿਤਾਂ ਵੱਲੋਂ ਭਾਰਤ ਦੀ ਸੁਪਰੀਮ ਕੋਰਟ ਦਾ ਮੁੱਖ ਨਿਆਇਧੀਸ਼ ਅਤੇ ਸਰਬਉੱਚ ਅਹੁਦੇ ਰਾਸ਼ਟਰਪਤੀ ਦੀ ਪਦਵੀ ਤੱਕ ਪਹੁੰਚਣਾ ਆਪ ਦੇ ਸੰਘਰਸ਼ ਤੇ ਕਲਮ ਦਾ ਹੀ ਕਮਾਲ ਹੈ। ਬਾਬਾ ਸਾਹਿਬ ਨੇ ਭਾਰਤ ਦੇ ਪਦ-ਦਲਿਤਾਂ ਸਮੇਤ

ਇਸਤਰੀ ਵਰਗ ਨੂੰ ਮੋਹਰਲੀਆਂ ਸਫ਼ਾਂ ਵਿਚ ਲਿਆਉਣ ਲਈ ਨਾ ਕੇਵਲ ਅਣਥੱਕ ਸੰਘਰਸ਼ ਹੀ ਕੀਤਾ, ਬਲਕਿ ਇਨ੍ਹਾਂ ਵਰਗਾਂ ਨੂੰ ਇਕ ਨਵਾਂ ਜੀਵਨ ਫ਼ਲਸਫ਼ਾ ਵੀ ਪ੍ਰਦਾਨ ਕੀਤਾ।

ਬਾਬਾ ਸਾਹਿਬ ਦਲਿਤਾਂ ਅੰਦਰ ਸਭਿਆਚਾਰਕ ਇਨਕਲਾਬ ਲਿਆਉਣਾ ਚਾਹੁੰਦੇ ਸਨ ਜਿਸ ਬ੍ਰਾਹਮਣਵਾਦੀ ਤੇ ਰੂੜ੍ਹੀਵਾਦੀ ਚਿੰਤਨ ਨੇ ਸਦੀਆਂ ਤੋਂ ਦਲਿਤਾਂ ਨੂੰ ਗ਼ੁਲਾਮ ਬਣਾਈ ਰੱਖਿਆ ਹੈ, ਉਸ ਦਾ ਤਿਆਗ ਕਰਵਾ ਕੇ ਆਪ ਨਵੀਂ ਸੋਚ, ਨਵੀਂ ਰੋਸ਼ਨੀ ਅਤੇ ਨਵੇਂ ਆਦਰਸ਼ ਸਥਾਪਿਤ ਕਰਨਾ ਚਾਹੁੰਦੇ ਸਨ। ਆਪ ਦੇ ਸੰਘਰਸ਼ ਸਦਕਾ ਦਲਿਤਾਂ ਨੂੰ ਸ਼ਾਸ਼ਨ ਪ੍ਰਬੰਧ ਵਿਚ ਹਿੱਸੇਦਾਰੀ ਤਾਂ ਮਿਲੀ ਹੈ, ਪਰ ਭਾਰਤੀ ਹੁਕਮਰਾਨਾਂ ਦੀ ਗ਼ੈਰ-ਸੰਜੀਦਗੀ ਅਤੇ ਦਲਿਤਾਂ ਵਿਚ ਏਕਤਾ ਦੀ ਘਾਟ ਕਾਰਨ ਇਹ ਹਾਲੇ ਵੀ ਤੀਸਰੇ ਦਰਜੇ ਦੇ ਸ਼ਹਿਰੀ ਹਨ। ਦਲਿਤਾਂ ਵਿਚੋਂ ਪੜ੍ਹੇ-ਲਿਖੇ ਵਰਗ ਨੇ ਬਾਬਾ ਸਾਹਿਬ ਦੀਆਂ ਬਖਸ਼ਿਸ਼ਾਂ ਦਾ ਆਨੰਦ ਤਾਂ ਮਾਣਿਆ ਹੈ, ਪਰ ਇਸ ਵਰਗ ਦੀ ਮਾਨਸਿਕ ਸੋਚ ਵਿਚ ਹਾਲੇ ਕੋਈ ਪਰਿਵਰਤਨ ਨਹੀਂ ਆਇਆ। 21ਵੀਂ ਸਦੀ ਵਿਚ ਰਹਿੰਦਿਆਂ, ਵਿਗਿਆਨਕ ਯੁੱਗ ਦੀਆਂ ਸੁੱਖ ਸਹੂਲਤਾਂ ਮਾਣਦਿਆਂ ਪੱਥਰ ਯੁੱਗ ਦੀਆਂ ਮਿੱਥਾਂ, ਵਹਿਮ-ਭਰਮ ਤੇ ਅੰਧ-ਵਿਸ਼ਵਾਸ ਹਾਲੇ ਵੀ ਇਨ੍ਹਾਂ ਦੀ ਗ਼ੁਲਾਮ ਮਾਨਸਿਕਤਾ ਦੇ ਪੱਕੇ-ਪੀਡੇ ਅੰਗ ਬਣੇ ਹੋਏ ਹਨ। ਜਿਹੜਾ ਰੂੜ੍ਹੀਵਾਦੀ, ਪਿਛਾਂਹ-ਖਿੱਚੂ ਬ੍ਰਾਹਮਣਵਾਦੀ ਫ਼ਲਸਫ਼ਾ ਇਨ੍ਹਾਂ ਦੇ ਜੜ੍ਹੀਂ ਤੇਲ ਪਾਉਂਦਾ ਰਿਹਾ, ਇਹ ਹਾਲੇ ਵੀ ਉਸ ਦੇ ਗ਼ੁਲਾਮ ਬਣੇ ਹੋਏ ਹਨ।

ਦਲਿਤਾਂ ਵਿਚੋਂ ਪੜ੍ਹੇ ਲਿਖੇ, ਅਧਿਕਾਰੀ ਵਰਗ ਅਤੇ ਰਾਜਨੀਤਕਾਂ ਨੇ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਹੀਂ ਨਿਭਾਈ। ਭਾਰਤੀ ਹੁਕਮਰਾਨ ਤੇ ਸਿਆਸਤਦਾਨ ਪ੍ਰਾਈਵੇਟਾਈਜ਼ੇਸ਼ਨ ਅਰਥਾਤ ਨਿੱਜੀਕਰਨ ਦੇ ਨਾਂਅ ਹੇਠ ਸਰਵਿਸਜ਼ ਵਿਚ ਦਲਿਤਾਂ ਨੂੰ ਮਿਲੇ ਰਾਖਵਾਂਕਰਨ ਜਿਹੇ ਸੰਵਿਧਾਨਕ ਹੱਕਾਂ ਦੀਆਂ ਧੱਜੀਆਂ ਉਡਾ ਰਹੇ ਹਨ। ਬਹੁਤੀਆਂ ਸਿਆਸੀ ਪਾਰਟੀਆਂ ਦੇ ਦਲਿਤ ਨੁਮਾਇੰਦੇ ਇਸ ਸ਼ਰੇਆਮ ਬੇਇਨਸਾਫ਼ੀ ਵਿਰੁੱਧ ਆਵਾਜ਼ ਬੁਲੰਦ ਨਹੀਂ ਕਰਦੇ।

ਸਾਡੇ ਵਧੇਰੇ ਦਲਿਤ ਸਿਆਸਤਦਾਨ ਤਾਂ ਬਾਬਾ ਸਾਹਿਬ ਵੱਲੋਂ ਅਣਥੱਕ ਸੰਘਰਸ਼ ਦੁਆਰਾ ਪ੍ਰਾਪਤ ਹੱਕਾਂ ਦੀ ਸੁਰੱਖਿਆ ਕਰਨ ਤੋਂ ਹੀ ਅਸਮਰੱਥ ਹੋ ਗਏ ਹਨ। ਅਜਿਹੀ ਸਥਿਤੀ ਵਿਚ ਅੱਜ ਬਾਬਾ ਸਾਹਿਬ ਦੇ ਮਿਸ਼ਨ ਦੀ ਸਾਰਥਿਕਤਾ ਹੋਰ ਵੀ ਵੱਧ ਹੈ। ਡਾ. ਅੰਬੇਡਕਰ ਜੀ ਦੀ ਵਿਚਾਰਧਾਰਾ ਨੂੰ ਜਾਣਨ, ਪਛਾਨਣ ਅਤੇ ਵਿਵਹਾਰਿਕ ਰੂਪ ਵਿਚ ਆਪਣੇ ਜੀਵਨ ਵਿਚ ਧਾਰਨ ਕਰਨ ਦੀ ਲੋੜ ਹੈ। ਵਿਸ਼ੇਸ਼ ਦਿਨਾਂ 'ਤੇ ਬਾਬਾ ਸਾਹਿਬ ਦੇ ਬੁੱਤ ਨੂੰ ਹਾਰ ਪਹਿਨਾ ਦੇਣੇ, ਸ਼ੋਭਾ ਯਾਤਰਾ ਕੱਢ ਲੈਣੀਆਂ, ਕਾਨਫਰੰਸਾਂ ਕਰਕੇ ਦੂਸਰਿਆਂ ਨੂੰ ਬੁਰਾ-ਭਲਾ ਕਹਿ ਲੈਣਾ ਸਹੀ ਅਰਥਾਂ ਵਿਚ ਬਾਬਾ ਸਾਹਿਬ ਨੂੰ ਸ਼ਰਧਾਂਜਲੀ ਨਹੀਂ ਹੈ, ਬਲਕਿ ਆਪਣੇ ਜੀਵਨ ਵਿਚ ਬਾਬਾ ਸਾਹਿਬ ਦੁਆਰਾ ਸਿਰਜੇ ਸਿਧਾਂਤਾਂ ਨੂੰ ਅਮਲੀ ਰੂਪ ਵਿਚ ਅਪਨਾਉਣਾ ਹੀ ਸਹੀ ਮਾਅਨਿਆਂ ਵਿਚ ਇਨਕਲਾਬੀ ਰਹਿਬਰ ਨੂੰ ਯਾਦ ਕਰਨਾ ਹੈ।


ਆਓ, ਰੂੜ੍ਹੀਵਾਦੀ ਅੰਧ-ਵਿਸ਼ਵਾਸਾਂ, ਰੀਤਾਂ-ਰਸਮਾਂ, ਕਰਮਕਾਂਡਾਂ ਅਤੇ ਨਸ਼ਿਆਂ ਦਾ ਤਿਆਗ ਕਰਕੇ ਬਾਬਾ ਸਾਹਿਬ ਦੀ ਵਿਚਾਰਧਾਰਾ ਨੂੰ ਆਪਣੇ ਜੀਵਨ ਵਿਚ ਵਿਵਹਾਰਕ ਰੂਪ ਵਿਚ ਅਪਨਾ ਕੇ, ਮਿਸ਼ਨ ਦੀ ਰੌਸ਼ਨੀ ਹਨ੍ਹੇਰੇ ਘਰਾਂ ਤੱਕ ਪਹੁੰਚਾ ਕੇ ਸਮਾਜਿਕ ਇਨਸਾਫ਼ ਲਈ ਲਾਮਬੰਦ ਹੋ ਕੇ ਆਪਣੇ ਹੱਕਾਂ ਲਈ ਸੰਘਰਸ਼ ਕਰੀਏ ਅਤੇ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਸਿੱਖਿਅਤ ਕਰਕੇ ਬਾਬਾ ਸਾਹਿਬ ਦੇ ਸਹੀ ਪੈਰੋਕਾਰ ਹੋਣ ਦੇ ਯੋਗ ਬਣੀਏ।



**ਡਾ. ਜੀ.ਸੀ. ਕੌਲ, ਜਲੰਧਰ**

**ਮੋ. 94632-23223**

# ਚੋਬਦਾਰ ਦਾ ਤਾਲਾਬ ਅਤੇ ਮੰਦਿਰਾਂ ਵਿਚ ਪ੍ਰਵੇਸ਼



1927 ਵਿਚ ਮਹਾਰਾਸ਼ਟਰ ਦੇ ਮਹਾਡ ਸ਼ਹਿਰ 'ਚ ਆਮ ਤਲਾਅ ਜਿਸ ਨੂੰ ਚੋਬਦਾਰ ਦਾ ਤਾਲਾਬ ਕਿਹਾ ਜਾਂਦਾ ਹੈ, ਵਿਚੋਂ ਅਛੂਤਾਂ ਨੂੰ ਪਾਣੀ ਨਹੀਂ ਸੀ ਭਰਨ ਦਿੱਤਾ ਜਾਂਦਾ। ਜਿਥੇ ਕੁੱਤੇ, ਪੰਛੀ ਪਾਣੀ ਪੀਂਦੇ ਸਨ।20 ਮਾਰਚ 1927 ਨੂੰ ਡਾ. ਸਾਹਿਬ ਨੇ ਮੋਰਚਾ ਲਾਇਆ ਤਾਂ ਕਿ ਅਛੂਤਾਂ ਨੂੰ ਪਾਣੀ ਮਿਲੇ। ਹਜ਼ਾਰਾਂ ਲੋਕ ਇਕੱਠੇ ਹੋਏ। ਇਕ ਜਲੂਸ ਦੀ ਸ਼ਕਲ ਵਿਚ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕੀਤਾ ਗਿਆ। ਬਾਬਾ ਸਾਹਿਬ ਜਿਹੜੇ ਮੋਹਰੀ ਸਨ, ਸਮਝਦੇ ਸਨ ਕਿ ਆਜ਼ਾਦੀ ਕਦੀ ਮੰਗਿਆਂ ਨਹੀਂ ਮਿਲਦੀ, ਉਸ ਲਈ ਲੜਨਾ ਪੈਂਦਾ ਹੈ।ਉਨ੍ਹਾਂ ਆਪਣੇ ਸਾਥੀਆਂ ਨਾਲ ਪਾਣੀ ਪੀਤਾ।

ਸੰਨ 1929 ਵਿਚ ਪੂਨਾ ਪਾਰਵਤੀ ਮੰਦਿਰ ਵਿਚ ਪ੍ਰਵੇਸ਼ ਲਈ ਮਹਾਰ ਅਤੇ ਦੂਜੇ ਅਛੂਤਾਂ ਨੇ ਮੋਰਚਾ ਲਾਇਆ। ਗਾਂਧੀ ਜੀ ਦੇ ਸਿਧਾਂਤਾਂ ਅਨੁਸਾਰ ਲੱਗੇ ਮੋਰਚੇ ਵਿਚ ਕਈ ਬ੍ਰਾਹਮਣ ਵੀ ਸ਼ਾਮਿਲ ਹੋਏ। ਮੋਰਚਾ ਚਾਰ ਮਹੀਨੇ ਚੱਲਿਆ।

ਹਿੰਦੂ ਮਹਾਂਸਭਾ ਦੇ ਪੰਡਿਤ ਐਮ.ਐਮ. ਮਾਲਵੀਆ ਅਤੇ ਜਮਨਾ ਲਾਲ ਬਜਾਜ ਆਧਾਰਤ ਕਮੇਟੀ ਨੇ ਮੋਰਚੇ ਨੂੰ ਨਾ-ਮਨਜ਼ੂਰ ਕਰ ਦਿੱਤਾ ਅਤੇ ਸਿਫਾਰਿਸ਼ ਕੀਤੀ ਕਿ ਕਾਂਗਰਸ ਇਸ ਨੂੰ ਸਮਰਥਨ ਨਾ ਦੇਵੇ ਅਤੇ ਗਾਂਧੀ ਜੀ ਨੇ ਵੀ ਮੋਰਚੇ ਨੂੰ ਨਾ-ਮਨਜ਼ੂਰੀ ਦਿੱਤੀ। ਅਛੂਤਾਂ ਨੂੰ ਇਹ ਕਿਹਾ ਕਿ ਕੁਝ ਦਿਨ ਹੋਰ ਠਹਿਰੋ ਅਤੇ ਹਿੰਦੂਆਂ ਦੇ ਮਨ ਬਦਲੀ ਦਾ ਇੰਤਜ਼ਾਰ ਕਰੋ। ਬਾਬਾ ਸਾਹਿਬ ਨੇ ਇਸ ਭਾਸ਼ਣ ਦੀ ਨਿਖੇਧੀ ਕੀਤੀ। ਇੰਡੀਅਨ ਨੈਸ਼ਨਲ ਕਾਂਗਰਸ ਨੇ ਬਰਤਾਨਵੀ ਪਾਰਲੀਮੈਂਟ ਨੂੰ ਯਾਦ ਪੱਤਰ ਦਿੱਤਾ ਕਿ 31 ਦਸੰਬਰ 1929 ਤੱਕ ਡੋਮੀਨੀਅਨ ਦਰਜਾ ਦਿੱਤਾ ਜਾਵੇ ਪਰ ਬਾਬਾ ਸਾਹਿਬ ਨੇ ਫਿਰ ਲਲਕਾਰਿਆ ਕਿ ਇਕ ਪੂਜਾ ਸਥਾਨ ਵਿਚ ਪ੍ਰਵੇਸ਼ ਕਰਨ ਦਾ ਸਧਾਰਨ ਮਨੁੱਖੀ ਅਧਿਕਾਰ ਜਿਤਲਾਉਣ ਲਈ ਕੁਝ ਦਿਨ ਹੋਰ ਇੰਤਜ਼ਾਰ ਕਰੋ, ਕਿਥੋਂ ਤੱਕ ਵਾਜਿਬ ਹੈ, ਇਹ ਕਿਥੋਂ ਦਾ ਇਨਸਾਫ਼ ਹੈ। ਡਾ. ਸਾਹਿਬ ਨੇ ਕਿਹਾ ਕਿ ਇਹੋ ਜਿਹੇ ਮੋਰਚੇ ਬੰਬਈ ਵਿਚ ਵੀ ਲੱਗਣਗੇ ਅਤੇ ਅਸੀਂ ਇਸ ਨੂੰ ਸਫਲ ਬਣਾਵਾਂਗੇ।

ਫਿਰ ਅਛੂਤਾਂ ਨੇ ਬੰਬਈ ਗਣਪਤੀ ਮੰਦਿਰ 'ਤੇ ਧਾਵਾ ਬੋਲਿਆ ਜਿਥੇ ਪ੍ਰਵੇਸ਼ ਵਰਜਿਤ ਸੀ। ਅਛੂਤਾਂ ਦੇ ਵੱਡੇ ਜਨ ਸਮੂਹ ਨੇ ਹਿੰਦੂਆਂ ਨੂੰ ਭਾਜੜਾਂ ਪਾ ਦਿੱਤੀਆਂ ਅਤੇ ਮੰਦਿਰ ਵਿਚ ਪ੍ਰਵੇਸ਼ ਕੀਤਾ।

1930 ਨੂੰ ਮਹਾਰਾਸ਼ਟਰ ਦੇ ਨਾਸਿਕ ਮੰਦਿਰ 'ਚ ਪ੍ਰਵੇਸ਼ ਲਈ 2 ਮਾਰਚ ਨੂੰ ਬਾਬਾ ਸਾਹਿਬ ਨੇ ਸਾਥੀਆਂ ਸਮੇਤ ਮੋਰਚਾ ਲਾ ਦਿੱਤਾ। 3 ਹਜ਼ਾਰ ਹਿੰਦੂ ਕੱਟੜਪੰਥੀ ਵੀ ਵਿਰੋਧ ਵਜੋਂ ਡਟੇ ਰਹੇ। ਹਥਿਆਰਬੰਦ ਫੋਰਸ ਵੀ ਤਾਇਨਾਤ ਸੀ। ਮੋਰਚਾ ਇਕ ਮਹੀਨਾ ਜਾਰੀ ਰਿਹਾ। 9 ਅਪ੍ਰੈਲ 1930 ਨੂੰ ਰਾਮ ਮੂਰਤੀ ਰੱਥ ਦੀ ਯਾਤਰਾ ਸਮੇਂ ਭੰਡਾਰੀ ਜਾਤੀ ਦੇ ਕਦਰੇਕਰ ਨਾਮ ਦੇ ਨੌਜਵਾਨ ਨੇ ਵੀਰਤਾ ਦਿਖਾਉਂਦੇ ਹੋਏ ਪੁਲਿਸ ਦਾ ਘੇਰਾ ਤੋੜ ਕੇ ਰੱਥ ਨੂੰ ਜਾ ਫੜਿਆ, ਕਿਉਂਕਿ ਹਿੰਦੂਆਂ ਅਤੇ ਅਛੂਤਾਂ ਵਿਚਾਲੇ ਸਮਝੌਤਾ

ਹੋਇਆ ਸੀ ਕਿ ਰੱਥ ਨੂੰ ਦੋਨੋਂ ਧਿਰਾਂ ਖਿੱਚਣਗੀਆਂ। ਕਦਰੇਕਰ ਨੇ ਜਿਉਂ ਹੀ ਰਾਮ ਦੀ ਮੂਰਤੀ ਨੂੰ ਹੱਥ ਲਾਇਆ ਤਾਂ ਹਿੰਦੂ ਅਛੂਤਾਂ ਉਤੇ ਟੁੱਟ ਪਏ। ਅਛੂਤਾਂ ਤੇ ਹਿੰਦੂਆਂ ਵਿਚਾਲੇ ਘਮਾਸਾਨ ਹੋਇਆ। ਬਾਬਾ ਸਾਹਿਬ ਵੀ ਜ਼ਖ਼ਮੀ ਹੋਏ। ਮੋਰਚੇ ਦੀ ਕੁੜੱਤਣ ਕਰਕੇ ਹਿੰਦੂਆਂ ਨੇ ਅਛੂਤ ਵਿਦਿਆਰਥੀਆਂ ਨੂੰ ਸਕੂਲਾਂ 'ਚੋਂ ਕੱਢ ਦਿੱਤਾ। ਕਈਆਂ ਨੂੰ ਸੜਕਾਂ ਤੇ ਚੱਲਣ ਤੋਂ ਰੋਕਿਆ। ਸਮਾਜਿਕ ਬਾਈਕਾਟ ਕੀਤਾ ਪਰ ਮੋਰਚਾ ਚੱਲਦਾ ਰਿਹਾ। ਡਾ. ਮੁੰਜੇ, ਡਾ. ਕੁਰਤਾਕੋਚੀ ਅਤੇ ਸੇਠ ਬਿਰਲਾ ਆਦਿ ਹਿੰਦੂ ਆਗੂ ਅਪ੍ਰੈਲ 1930 ਦੇ ਅੱਧ ਵਿਚ ਬਾਬਾ ਸਾਹਿਬ ਨੂੰ ਮਿਲੇ ਪਰ ਬਾਬਾ ਸਾਹਿਬ ਨੇ ਉਨ੍ਹਾਂ ਦੀ ਇਕ ਨਾ ਸੁਣੀ। ਨਤੀਜੇ ਵਜੋਂ ਕਾਲਾ ਰਾਮ ਮੰਦਿਰ ਪੂਰਾ ਇਕ ਸਾਲ ਬੰਦ ਰਿਹਾ ਅਤੇ ਮੋਰਚਾ ਅਕਤੂਬਰ 1930 ਤੱਕ ਚਾਲੂ ਰਿਹਾ।



**ਅਸ਼ੋਕ ਚੁੰਬਰ, ਚੁਖਿਆਰਾ**

**ਮੋ. 98723-16360**

# ਨਾਰੀ ਵਰਗ ਦੇ ਮੁਕਤੀ ਦਾਤਾ ਮਾਂ ਭੀਮਾ ਬਾਈ ਦਾ ਭੀਮ

ਹਿੰਦੋਸਤਾਨ ਦੇ ਕੁਝ ਪੁਰਾਤਨ ਧਾਰਮਿਕ ਗ੍ਰੰਥਾਂ ਵਿਚ ਜੇਕਰ ਮਨੁੱਖ ਨੂੰ ਭੰਡਿਆ ਗਿਆ ਹੈ ਤਾਂ ਸਭ ਤੋਂ ਵੱਧ ਸ਼ੂਦਰ, ਅਛੂਤ ਅਤੇ ਔਰਤ ਜਾਤੀ ਨੂੰ। ਔਰਤ ਭਾਵੇਂ ਉੱਚੀ ਜਾਤੀ ਦੀ ਹੀ ਕਿਉਂ ਨਾ ਹੋਵੇ, ਉਸ ਨੂੰ ਬੁਰਾ ਹੀ ਕਿਹਾ ਗਿਆ ਹੈ। ਕੁਝ ਵੇਰਵੇ –

* **ਰਮਾਇਣ ਤੁਲਸੀ ਦਾਸ (ਰਾਮ ਚਰਿਤ ਮਾਨਸ)** - ਜਦੋਂ ਕਿ ਇਸਤਰੀਆਂ ਸੁਭਾਅ ਤੋਂ ਹੀ ਮੂਰਖ ਅਤੇ ਗਿਆਨਹੀਣ ਹੁੰਦੀਆਂ ਹਨ।

* **ਉਹੀ (ਰਾਮ ਰਚਿਤ ਮਾਨਸ)** - ਢੋਰ, ਗੰਵਾਰ, ਸ਼ੂਦਰ ਔਰ ਨਾਰੀ ਇਹ ਸਭ ਤਾੜਨ ਕੇ ਅਧਿਕਾਰੀ।

* **ਰਿਗਵੇਦ 10.95.15** - ਇਸਤਰੀਆਂ ਵਿਚ ਮੁਹੱਬਤ ਨਹੀਂ ਹੁੰਦੀ, ਇਨ੍ਹਾਂ ਦਾ ਦਿਲ ਲੱਗੜ-ਬੱਗੜ (ਜੰਗਲੀ ਕੁੱਤੀ ਦਾ) ਹੁੰਦਾ ਹੈ।

* **ਮਨੂੰ ਸਿਮਰਤੀ (9.17)** - ਵਿਚ ਔਰਤ ਨੂੰ ਬਿਸਤਰਾ, ਬੈਠਣ ਲਈ ਕੁਰਸੀ, ਬੇਈਮਾਨ ਆਦਿ ਕਿਹਾ ਹੈ।

**ਇਸੇ ਕਰਕੇ ਹੀ ਭਾਰਤ ਵਿਚ ਸਤੀ ਪ੍ਰਥਾ, ਬਾਲ ਵਿਆਹ, ਦਾਜ ਵਰਗੀਆਂ ਲਾਹਣਤਾਂ ਅਜੇ ਵੀ ਪ੍ਰਫੁੱਲਤ ਹਨ। ਲੇਕਿਨ ਧੰਨ ਗੁਰੂ ਰਵਿਦਾਸ ਜੀ ਨੇ ਔਰਤ ਨੂੰ ਪੂਰਾ ਸਨਮਾਨ ਦਿੱਤਾ ਅਤੇ ਝਾਲਾ ਬਾਈ, ਮੀਰਾ ਬਾਈ ਨੂੰ ਆਪਣੇ ਸੇਵਕ ਬਣਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਹਾ ਕਿ ਸੋ ਕਿਓ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ ਬਾਬਾ ਸਾਹਿਬ ਡਾ. ਅੰਬੇਡਕਰ ਔਰਤ ਵਰਗ ਲਈ ਹਿੰਦੂ ਕੋਡ ਬਿੱਲ ਲੈ ਕੇ ਆਏ।**

**ਹਿੰਦੂ ਕੋਡ ਬਿੱਲ** - ਭਾਰਤੀ ਔਰਤਾਂ ਦੇ ਹੱਕਾਂ ਅਧਿਕਾਰਾਂ ਲਈ ਬਾਬਾ ਸਾਹਿਬ ਹਮੇਸ਼ਾ ਹੀ ਚੇਤੰਨ ਅਤੇ ਸੰਘਰਸ਼ਸ਼ੀਲ ਰਹੇ। ਪ੍ਰੰਪਰਾਗਤ ਪਿੱਛੇ ਰੱਖੀ ਗਈ ਨਾਰੀ ਨੂੰ ਉਹ ਹਰ ਪੱਖੋਂ ਸਮਾਨਤਾ ਦਾ ਦਰਜਾ ਦੇਣਾ ਚਾਹੁੰਦੇ ਸਨ। ਹੋਰ ਕਈ ਯਤਨਾਂ ਤੋਂ ਇਲਾਵਾ, ਹਿੰਦੂ ਕੋਡ ਬਿੱਲ ਨੂੰ ਇਸ ਮਹਾਨ ਸਖ਼ਸ਼ੀਅਤ ਨੇ ਸਮੂਹ ਭਾਰਤੀ ਔਰਤਾਂ ਦੇ ਹੱਕਾਂ ਲਈ ਵਿਸ਼ੇਸ਼ ਜੰਗ ਲੜੀ। ਔਰਤਾਂ ਅੱਜ ਉਸ ਵਿਅਕਤੀ ਦਾ ਨਾਂਅ ਤੱਕ ਵੀ ਨਹੀਂ ਜਾਣਦੀਆਂ ਹਨ। ਔਰਤਾਂ ਨੂੰ ਸਾਰਿਆਂ ਮਹਿਕਮਿਆਂ ਵਿਚ ਉੱਚ ਪੱਧਰੀ ਦਰਜੇ ਮਿਲੇ ਹਨ।

ਔਰਤਾਂ ਡੀ.ਸੀ., ਡੀ.ਜੀ.ਪੀ., ਜਨਰਲ, ਪਾਇਲਟ ਅਤੇ ਮੰਤਰੀ ਮੰਡਲਾਂ, ਮੈਂਬਰ ਪੰਚਾਇਤਾਂ ਤੋਂ ਲੈ ਕੇ ਰਾਸ਼ਟਰਪਤੀ ਤੱਕ ਬੇਸ਼ੁਮਾਰ ਉੱਚੇ ਦਰਜਿਆਂ ਤੇ ਪਹੁੰਚ ਗਈਆਂ ਹਨ। ਇਹ ਸਭ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਬਦੌਲਤ ਹੀ ਪਹੁੰਚੀਆਂ ਹਨ। ਔਰਤਾਂ ਨੂੰ ਚਾਹੀਦਾ ਹੈ ਕਿ ਇਕ ਮੰਚ 'ਤੇ ਇਕੱਠੀਆਂ ਹੋ ਕੇ ਬਾਬਾ ਸਾਹਿਬ ਦੇ ਜਨਮ ਦਿਨ 'ਤੇ ਉਨ੍ਹਾਂ ਵੱਲੋਂ ਦਿੱਤੀ ਕੁਰਬਾਨੀ ਨੂੰ ਸ਼ਰਧਾਂਜਲੀ ਭੇਟਾ ਕਰਨ ਤੇ ਉਨ੍ਹਾਂ ਵੱਲੋਂ ਕਹੇ ਅਨੁਸਾਰ ਬਾਕੀ ਅਛੂਤ ਲੋਕਾਂ ਦੀ ਮੱਦਦ ਕਰਨ ਜੋ ਅੱਜ ਵੀ ਅਨਪੜ੍ਹ ਤੇ ਗੁਲਾਮੀ ਭਰੀ ਜ਼ਿੰਦਗੀ ਗੁਜਾਰ ਰਹੇ ਹਨ।




**ਰਿਟਾ. ਇੰਸਪੈਕਟਰ**


**ਪ੍ਰੀਤਮ ਸਿੰਘ ਸ੍ਰੀ ਅੰਮ੍ਰਿਤਸਰ, ਮੋ. 8872960316**


# ਆਜ਼ਾਦੀ ਦਾ ਮਸੀਹਾ

ਆਮ ਲੋਕਾਂ ਦੀ ਨਜ਼ਰ ਦੇ ਵਿਚ ਆਜ਼ਾਦੀ ਦਾ ਭਾਵ ਵਿਦੇਸ਼ੀਆਂ ਦਾ ਰਾਜ ਖਤਮ ਕਰਕੇ ਆਪਣਾ ਰਾਜ ਕਾਇਮ ਕਰਨਾ ਹੈ। ਦੂਜੇ ਦੇਸ਼ ਤੋਂ ਸ਼ਬਦੀ ਆਜ਼ਾਦ ਹੋ ਜਾਣਾ ਜਾਂ ਫਿਰ ਰਾਜ ਕਰਨ ਵਾਸਤੇ ਆਪਣੇ ਲਈ ਆਪ ਕਾਨੂੰਨ ਬਣਾਉਣਾ ਹੀ ਆਜ਼ਾਦੀ ਹੈ।

ਆਜ਼ਾਦੀ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ। ਇਸ ਵਿਸ਼ੇ 'ਤੇ ਸਤਿਗੁਰੂ ਰਵਿਦਾਸ ਜੀ ਲਿਖਦੇ ਹਨ "**ਬੇਗਮ ਪੁਰਾ ਸਹਰ ਕੋ ਨਾਉ**" ਸੱਚੀ ਆਜ਼ਾਦੀ ਉਹੀ ਹੈ ਜਿਥੇ ਹਰ ਮਨੁੱਖ ਨਾਲ ਇਕੋ ਜਿਹਾ ਸਲੂਕ ਹੋਵੇ ਭਾਵ ਉਹ ਆਪਣਾ ਮਨਪਸੰਦ ਕਿੱਤਾ ਚੁਣ ਸਕੇ। ਬਿਨਾਂ ਕਿਸੇ ਡਰ ਤੋਂ ਭਾਈਚਾਰਾ ਕਾਇਮ ਕਰ ਸਕੇ। ਕਿਸੇ ਜਗ੍ਹਾ 'ਤੇ ਜਾਣ ਦੀ ਪਾਬੰਦੀ ਨਾ ਹੋਵੇ। ਆਜ਼ਾਦੀ ਦਾ ਹਰ ਖੇਤਰ ਵਿਚ ਹੋਣਾ ਲਾਜ਼ਮੀ ਹੈ। ਭੇਦਭਾਵ ਤੇ ਭ੍ਰਿਸ਼ਟਾਚਾਰ ਆਦਿ ਨਹੀਂ ਹੋਣਾ ਚਾਹੀਦਾ। ਆਜ਼ਾਦੀ ਵਿਅਕਤੀ ਅਤੇ ਸਮਾਜ ਵਿਚਕਾਰ ਸੰਤੁਲਨ ਸਥਾਪਤ ਕਰਨ ਦਾ ਸਾਧਨ ਹੈ। ਸਭ ਨਾਗਰਿਕਾਂ ਨੂੰ ਆਜ਼ਾਦੀ ਪ੍ਰਤੀ ਸਕਾਰਾਤਮਕ ਨਜ਼ਰੀਆ ਅਪਨਾਉਣਾ ਚਾਹੀਦਾ ਹੈ। ਭਾਵ ਮਨੁੱਖ ਜਿਹੋ ਜਿਹਾ ਵਰਤਾਉ ਆਪਣੇ ਲਈ ਚਾਹੁੰਦਾ ਹੈ। ਉਹੋ ਜਿਹਾ ਵਰਤਾਉ ਦੂਜਿਆਂ ਨਾਲ ਵੀ ਕਰੇ। ਅਜਿਹੀ ਕ੍ਰਾਂਤੀ ਜੋ ਸਰਵਵਿਆਪਕ ਹੋਵੇ, ਜੋ ਜੀਵਨ ਦੇ ਕਾਲਪਨਿਕ ਆਦਰਸ਼ਾਂ, ਝੂਠੇ ਸਿਧਾਂਤਾਂ, ਪਰੰਪਰਾਵਾਂ ਦਾ ਅੰਤ ਕਰਕੇ ਇਕ ਨਵੇਂ ਯੁੱਗ ਦੀ ਪ੍ਰੇਰਨਾ ਸਰੋਤ ਹੋਵੇ ਤੇ ਇਕ ਨਵੀਂ ਸ੍ਰਿਸ਼ਟੀ ਖੜ੍ਹੀ ਕਰ ਦੇਵੇ, ਇਹ ਇਕ ਸੱਚੀ ਆਜ਼ਾਦੀ ਹੈ।

ਡਾ. ਅੰਬੇਡਕਰ ਸੰਪੂਰਨ ਆਜ਼ਾਦੀ ਲਈ ਸੰਘਰਸ਼ਰਤ ਸਨ। ਉਹ ਲੰਗੜੀ ਆਜ਼ਾਦੀ ਦੇ ਖਿਲਾਫ਼ ਸਨ। ਉਨ੍ਹਾਂ ਕਿਹਾ "**ਆਜ਼ਾਦੀ ਕੋਈ ਆ ਕੇ ਭੇਟ ਨਹੀਂ ਕਰਦਾ ਇਸ ਲਈ ਲੜਨਾ ਪੈਂਦਾ ਹੈ।**" ਜਦ ਕਾਂਗਰਸ, ਗਾਂਧੀ ਅਤੇ ਨਹਿਰੂ ਦੇਸ਼ ਆਜ਼ਾਦੀ ਬਾਰੇ ਸੋਚ ਰਹੇ ਸਨ ਤਾਂ ਡਾ. ਅੰਬੇਡਕਰ ਦੇ ਦਿਮਾਗ ਵਿਚ ਸੰਪੂਰਨ ਆਜ਼ਾਦੀ ਦਾ ਸੰਘਰਸ਼ ਚੱਲ ਰਿਹਾ ਸੀ ਜਿਸ ਨੂੰ ਸੰਵਿਧਾਨ ਬਣਾ ਉਨ੍ਹਾਂ ਨੇ ਪੂਰਾ ਕੀਤਾ। ਪ੍ਰੰਤੂ ਹਿੰਦੋਸਤਾਨ ਦੀ ਮੰਨੂਵਾਦੀ ਤਾਕਤਾਂ ਨੇ ਇਸ ਨੂੰ ਸਹੀ ਰੂਪ ਵਿਚ ਲਾਗੂ ਨਹੀਂ ਹੋਣ ਦਿੱਤਾ।




**ਡਾ. ਕਰਮਵੀਰ ਦਹੀਆ,**

**ਮੈਨੇਜਰ ਸ੍ਰੀ ਗੁਰੂ ਰਵਿਦਾਸ ਭਜਨ ਮੰਡਲੀ 'ਬੇਗਮਪੁਰਾ'**

**ਜ਼ੋਨ ਅੱਕਾਂ ਵਾਲੀ, ਜ਼ਿਲ੍ਹਾ ਫਤਿਆਬਾਦ (ਹਰਿਆਣਾ), 098138-14312**

## ਬਾਬਾ ਸਾਹਿਬ ਤੁਹਾਡੇ ਜਨਮ ਦਿਨ 'ਤੇ ਅਣਮੁੱਲੇ ਸੰਦੇਸ਼

# "ਪੜ੍ਹੋ ਜੁੜੋ ਸੰਘਰਸ਼ ਕਰੋ"

ਨੂੰ ਸਿਜਦਾ ਕਰਦੇ ਹਾਂ।

**ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ 2007 ਤਹਿਤ ਸਰਕਾਰੀ ਜਾਂ ਪ੍ਰਾਈਵੇਟ ਵਿੱਦਿਅਕ ਅਦਾਰਿਆਂ (ਕਾਲਜਾਂ) ਵਿਚ ਪੜ੍ਹ ਰਹੇ 2.50 ਲੱਖ ਤੋਂ ਘੱਟ ਸਾਲਾਨਾ ਪਰਿਵਾਰਕ ਆਮਦਨ ਵਾਲੇ ਐਸ.ਸੀ. ਵਿਦਿਆਰਥੀਆਂ ਦੀਆਂ ਫੀਸਾਂ ਮੁਆਫ਼**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :

## ਐਸੋਸੀਏਸ਼ਨ ਆਫ਼ ਵਲੰਟੀਅਰਸ ਫਾਰ ਸਟੂਡੈਂਟਸ ਰਾਈਟਸ


ਹੈਲਪਲਾਈਨ ਸਮਾਂ 10 ਵਜੇ ਤੋਂ ਸ਼ਾਮ 5 ਵਜੇ ਤੱਕ

ਮੋ. 97791-39641, 81467-04258

Emailavsrindia@yahoo.com, Facebook page www.facebook.com/avsrindia


ਪੈਟਰਨ-ਕਮ-ਚੇਅਰਮੈਨ ਡਾ. ਜੀ.ਸੀ. ਕੌਲ, ਐਮ.ਏ. ਪੀ.ਐਚ.ਡੀ., ਕਨਵੀਨਰ ਰਾਜੇਸ਼ ਕੁਮਾਰ, ਜਨਰਲ ਸੈਕਟਰੀ ਧਰਮਪਾਲ ਲੀਲ, ਜੁਆਇੰਟ ਸੈਕਟਰੀ ਸੁਰਿੰਦਰ ਕੁਮਾਰ, ਫਾਈਨਾਂਸ ਸੈਕਟਰੀ ਸੋਮਨਾਥ, ਲੀਗਲ ਅਡਵਾਈਜ਼ਰ ਗੌਤਮ ਥਾਪਰ

---

**ਰਹਿਬਰਾਂ ਦੇ ਮਿਸ਼ਨ ਨੂੰ ਘਰ-ਘਰ ਪਹੁੰਚਾਉਣ ਲਈ ਸੰਸਥਾ ਨੂੰ ਸਹਿਯੋਗ ਦਿਉ**

SRI GURU RAVIDASS MISSION PARCHAR SANSTHA PUNJAB (REGD.)

Head Office V.P.O. Binpalke, Via Bhogpur, Distt Jalandhar

ACCOUNT NO. 32717505525, IFS. CODE NO. SBIN 0010122

CIF NO. 86549122040, STATE BANK OF INDIA

Bhogpur, Distt. JALANDHAR (PUNJAB)



ਦੇਸ ਰਾਜ ਚੁਖਿਆਰਾ
ਆਦਮਪੁਰ



ਪੱਪੀ ਧੁਦਿਆਲ
ਆਦਮਪੁਰ



ਰਾਜ ਕੁਮਾਰ
ਆਦਮਪੁਰ



ਹਰਪ੍ਰੀਤ ਝਾਵਰ
ਐਡਵੋਕੇਟ